File No: PSEB-AFF0S033(T002)/3/2023-AS 11-AFF BRANCH-PSEB

**ਹੁਕਮ, ਪੰਜਾਬ ਸਕੂਲ ਸਿੱਖਿਆ ਬੋਰਡ**

**1. ਪੰਜਾਬ ਸਕੂਲ ਸਿੱਖਿਆ ਬੋਰਡ ਐਕਟ 1969, ਸੋਧਿਆ ਐਕਟ 1987,2000 ਅਤੇ 2005 ਦੀ ਧਾਰਾ 16 ਅਤੇ 17 ਅਧੀਨ ਸੰਸਥਾ ਰੇਡ ਰੇਚਿਸ ਸਕੂਲ, ਬਟਾਲਾ (ਗੁਰਦਾਸਪੁਰ) ਨੂੰ ਮੈਟ੍ਰਿਕ ਪੱਧਰ ਤੱਕ ਵਿਦਿਅਕ ਸਾਲ 2023-24 ਤੋਂ ਆਰਜ਼ੀ ਐਫੀਲੀਏਸਨ ਦਿੱਤੀ ਜਾਂਦੀ ਹੈ।**

2. ਸੰਸਥਾ 01-04-2023 ਤੋਂ ਵਿੱਦਿਅਕ ਸਾਲ 2023-24 ਲਈ ਆਰਜੀ ਐਫੀਲੀਏਸ਼ਨ ਪ੍ਰਦਾਨ ਕੀਤੀ ਜਾਂਦੀ ਹੈ ਅਤੇ 01-04-2023 ਤੋਂ ਕੇਵਲ ਨੌਵੀਂ ਸ੍ਰੇਣੀ ਦੇ ਪੱਧਰ ਤੱਕ ਦਾਖਲਾ ਕਰੇਗੀ।

3. i) ਸੰਸਥਾ ਨੂੰ ਮੈਟ੍ਰਿਕ ਪੱਧਰ ਲਈ ਕੇਵਲ 50 ਵਿਦਿਆਰਥੀਆਂ ਲਈ ਇੱਕ ਸੈਕਸ਼ਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਇਹ ਆਰਜ਼ੀ ਸਬੰਧਤਾ ਨਿਮਨ ਸ਼ਰਤਾਂ ਤੇ ਹੋਵੇਗੀ:-**

ੳ. ਸੰਸਥਾ ਵੱਲੋਂ ਐਫੀਲੀਏਸ਼ਨ ਵਿਨਿਯਮਾਂ ਅਤੇ ਇਸ ਵਿੱਚ ਸਮੇਂ-2 ਕੀਤੀਆਂ ਜਾਂਦੀਆਂ ਸੋਧਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਅ. ਸੰਸਥਾ, ਐਫੀਲੀਏਸ਼ਨ ਵਿਨਿਯਮ ਦੀ ਧਾਰਾ 11 ਅਨੁਸਾਰ, ਹਰ ਸਾਲ (Preceding Year) 15 ਸਤੰਬਰ ਤੋਂ ਪਹਿਲਾਂ ਸਲਾਨਾ ਪ੍ਰਗਤੀ ਰਿਪੋਰਟ (ਅਨੁਲੱਗ-ਬੀ ਪ੍ਰੋਫਾਰਮਾ ਸਮੇਤ ਦਸਤਾਵੇਜ) ਭਰ ਕੇ ਦਫਤਰ ਵਿੱਚ ਨਿਰਧਾਰਤ ਫੀਸ ਸਮੇਤ ਜਮ੍ਹਾ ਕਰਵਾਏਗੀ। ਐਫੀਲੀਏਸ਼ਨ ਦੀ ਮਿਆਦ ਦੇ ਸਾਲ ਦਰ ਸਾਲ ਵਾਧੇ ਲਈ, ਸੰਸਥਾ ਵੱਲੋਂ ਹਰ ਸਾਲ ਅਰਥਾਤ 15 ਸਤੰਬਰ ਤੱਕ ਨਿਰਧਾਰਤ ਵਾਧਾ ਫੀਸ ਸਮੇਤ ਪ੍ਰਗਤੀ ਰਿਪੋਰਟ ਜਮ੍ਹਾ ਕਰਵਾਉਣੀ ਜਰੂਰੀ ਹੈ। ਜੇਕਰ ਐਫੀਲੀਏਸ਼ਨ ਪੱਤਰ ਮਿਤੀ 15 ਸਤੰਬਰ ਤੋਂ ਬਾਅਦ ਜਾਰੀ ਕੀਤਾ ਗਿਆ ਹੈ ਤਾਂ ਪੱਤਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਮੇਤ ਫੀਸ ਪ੍ਰਗਤੀ ਰਿਪੋਰਟ ਜਮ੍ਹਾ ਕਰਵਾਈ ਜਾਵੇ।

ੲ. ਵਿਨਿਯਮਾਂ ਦੀ ਕਿਸੇ ਵੀ ਸਟੇਜ ਤੇ ਕੀਤੀ ਗਈ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਸਥਾ ਵਿਰੁੱਧ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ।

ਸ. ਸੰਸਥਾ, ਬੋਰਡ ਵੱਲੋਂ ਨਿਰਧਾਰਤ ਪਾਠ-ਕ੍ਰਮ ਅਨੁਸਾਰ ਲਗਾਈਆਂ ਪੁਸਤਕਾਂ ਹੀ ਪੜ੍ਹਾਏਗੀ ਅਤੇ ਵਿਦਿਆਰਥੀਆਂ ਤੋਂ ਫੀਸਾਂ ਵੀ ਵਿਨਿਯਮਾਂ ਅਨੁਸਾਰ ਹੀ ਲਈਆਂ ਜਾਣਗੀਆਂ।

ਹ. ਨਮਿਤ ਕੁਮਾਰ V/s ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਲਿਆ ਗਿਆ ਟ੍ਰੈਫਿਕ ਨਿਯਮਾਂ ਬਾਰੇ ਫੈਸਲਾ ਸੰਸਥਾ ਤੇ ਇੰਨ ਬਿੰਨ ਲਾਗੂ ਹੋਵੇਗਾ।

ਕ. ਸੰਸਥਾ, ਆਪਣੇ ਟੀਚਿੰਗ ਸਟਾਫ ਨੂੰ ਐਫੀਲੀਏਸ਼ਨ ਵਿਨਿਯਮ 7(iii) ਅਨੁਸਾਰ ਘੱਟੋ-ਘੱਟ ਸਰਕਾਰੀ ਸਕੇਲ ਦੀ ਮੁੱਢਲੀ ਤਨਖਾਹ ਦੇ ਬਰਾਬਰ ਦੀ ਅਦਾਇਗੀ Account Payee's Cheque ਰਾਹੀਂ ਅਦਾ ਕਰੇਗੀ।

ਖ. ਪਿਛਲੇ ਪੰਨੇ ਤੇ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਵੀ ਕੀਤੀ ਜਾਵੇ।

ਗ. **ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੰਸਥਾ ਨੂੰ ਤਿੰਨ ਸਾਲਾਂ ਦੇ ਅੰਦਰ-ਅੰਦਰ ਸੀ ਐਲ ਯੂ ਦਾ ਸਰਟੀਫਿਕੇਟ ਦੇਣਾ ਲਾਜ਼ਮੀ ਹੋਵੇਗਾ। ਸਰਟੀਫਿਕੇਟ ਨਾ ਦੇਣ ਦੀ ਸੂਰਤ ਵਿੱਚ ਐਫੀਲੀਏਸ਼ਨ ਰੱਦ ਕਰ ਦਿੱਤੀ ਜਾਵੇਗੀ।**

i. ਸੰਸਥਾ ਨੂੰ **ਮੈਟ੍ਰਿਕ** ਪੱਧਰ ਦਾ ਸ਼ਨਾਖਤੀ ਨੰ:**4555** ਜਾਰੀ ਕੀਤਾ ਜਾਂਦਾ ਹੈ।

ਮਿਤੀ: 10-01-2023

ਸਕੱਤਰ

ਪੰਜਾਬ ਸਕੂਲ ਸਿੱਖਿਆ ਬੋਰਡ।

ਨੰਬਰ: ਐਫੀ:/ਪਸਸਬ-2023/ 433 To 441 ਮਿਤੀ: 14/2/2023

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ ਟੂ ਚੇਅਰਮੈਨ, ਵਾਈਸ ਚੇਅਰਮੈਨ ਨਿੱਜੀ ਸਕੱਤਰ/ਸਕੱਤਰ ਟੂ ਚੇਅਰਮੈਨ/ਵਾਈਸ ਚੇਅਰਮੈਨ ਅਤੇ ਡੀ ਜੀ ਐਸ ਈ ਕਮ ਸਕੱਤਰ ਜੀ ਦੀ ਸੂਚਨਾ ਹਿੱਤ।
2. ਉੱਪ ਸਕੱਤਰ (ਮੈਟ੍ਰਿਕ)
3. ਜ਼ਿਲ੍ਹਾ ਸਿੱਖਿਆ ਅਫਸਰ (ਸ) **ਗੁਰਦਾਸਪੁਰ**।
4. ਸੁਪਰਡੰਟ (ਰਜਿਸਟ੍ਰੇਸ਼ਨ /ਮਾਇਗਰੇਸ਼ਨ ਸਾਖਾ)
5. ਜ਼ਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, **ਗੁਰਦਾਸਪੁਰ** ।

ਸਬੰਧਤ ਸੰਸਥਾ ਰੇਡ ਰੇਚਿਸ ਸਕੂਲ, ਬਟਾਲਾ (ਗੁਰਦਾਸਪੁਰ) email id-redrachisschool@gmail.com

(Mob.no.94179-48127)

6. ਜੂਨੀਅਰ ਸਹਾਇਕ (ਐਫੀਲੀਏਸ਼ਨ)।

ਸਹਾਇਕ ਸਕੱਤਰ (ਐਫੀਲੀਏਸ਼ਨ)

ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ ।

ਹਦਾਇਤਾਂ:-

1 ਬੋਰਡ ਵੱਲੋਂ ਪ੍ਰਵਾਣਿਤ ਪਾਠ ਪੁਸਤਕਾਂ ਦੀ ਖਰੀਦ ਸਿੱਧੇ ਤੌਰ ਤੇ ਬੋਰਡ ਦੇ ਸਬੰਧਤ ਪਾਠ ਪੁਸਤਕਾਂ ਵਿਕਰੀ ਡੀਪੂ ਤੋਂ ਕੀਤੀ ਜਾਵੇ ਅਤੇ ਖਰੀਦ ਕੀਤੀਆਂ ਕਿਤਾਬਾਂ ਦੇ ਤਸਦੀਕ ਸ਼ੁਦਾ ਬਿੱਲ (ਅਨੁਲੱਗ-ਬੀ) ਰਿਪੋਰਟ ਨਾਲ ਭੇਜੇ ਜਾਣ ਅਤੇ 100% ਪੰਜਾਬ ਸਕੂਲ ਸਿੱਖਿਆ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਪੜ੍ਹਾਈਆਂ ਜਾਣ।

2 ਪੂਰਵ ਪੰਨੇ ਤੇ (ਅ) ਅਨੁਸਾਰ ਵਾਧਾ ਫੀਸ ਅਤੇ ਅਨੁਲੱਗ-ਬੀ ਸਮੇਤ ਦਸਤਾਵੇਜ ਇਸੇ ਸਾਲ 15 ਸਤੰਬਰ ਤੋਂ ਪਹਿਲਾਂ ਪਹਿਲਾਂ Online E-Portal ਰਾਹੀਂ ਸਮੇਤ ਫੀਸ ਜਮ੍ਹਾਂ ਕਰਵਾਏ ਜਾਣ। ਸਮੇਂ ਸਿਰ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮ-11 ਅਨੁਸਾਰ ਸੰਸਥਾ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

3 ਪ੍ਰਾਪਤ ਕੀਤੀ ਐਫੀਲੀਏਸ਼ਨ ਦੇ ਪ੍ਰਵਾਨ/ਨਿਰਧਾਰਤ ਸੈਕਸ਼ਨ ਅਨੁਸਾਰ ਹੀ ਸ਼੍ਰੇਣੀ ਵਾਈਜ਼ ਦਾਖਲਾ ਕੀਤਾ ਜਾਵੇ। ਇਸ ਤੋਂ ਵੱਧ ਦਾਖਲਾ ਕਰਨ, ਦਾਖਲੇ ਦੀ ਨਿਰਧਾਰਤ ਮਿਤੀ ਤੋਂ ਬਾਦ ਵਾਧੂ ਵਿਦਿਆਰਥੀ/ਵਾਧੂ ਸੈਕਸ਼ਨ ਦੀ ਪ੍ਰਵਾਨਗੀ ਲਈ ਰੈਗੂਲਰ ਦਾਖਲੀਆਂ ਦੀ ਅੰਤਮ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਤੱਕ ਨਿਰਧਾਰਤ ਪ੍ਰੋਫਾਰਮੇ ਅਤੇ ਫੀਸ ਸਮੇ Online E-Portal ਰਾਹੀਂ ਅਪਲਾਈ ਕਰਨਾ ਜਰੂਰੀ ਹੈ। ਜੇਕਰ ਸੰਸਥਾ ਹਦਾਇਤਾਂ ਅਨੁਸਾਰ ਕਾਰਵਾਈ ਨਹੀਂ ਕਰਦੀ ਤਾਂ ਅਜਿਹੀ ਕੁਤਾਹੀ ਲਈ ਸੰਸਥਾ ਖਿਲਾਫ ਵਿਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਜਿਸਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

4 ਸੰਸਥਾ ਵੱਲੋਂ ਗਰਮੀ/ਸਰਦੀ ਦੀਆਂ ਛੁੱਟਿਆਂ, ਹਰ ਸਾਲ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਲਈ ਜਾਰੀ ਕੀਤੇ ਜਾਂਦੇ ਨਿਰਧਾਰਤ ਛੁੱਟਿਆਂ ਦੇ ਸ਼ਡਿਊਲ ਅਨੁਸਾਰ ਹੀ ਕੀਤੀਆਂ ਜਾਣ।

5 ਕਿਸੇ ਵੀ ਅਣਟ੍ਰੇਂਡ ਅਧਿਆਪਕ ਨੂੰ ਤਜਰਬਾ ਸਰਟੀਫਿਕੇਟ ਜਾਰੀ ਨਾ ਕੀਤਾ ਜਾਵੇ। ਟ੍ਰੇਂਡ ਅਧਿਆਪਕ ਨੂੰ ਤਜਰਬਾ ਸਰਟੀਫਿਕੇਟ ਜਾਰੀ ਕਰਨ ਵੇਲੇ ਇਹ ਯਕਿਨੀ ਬਣਾਇਆ ਜਾਵੇ ਕਿ ਕੀ ਉਸਦੀ ਨਿਯੁਕਤੀ/ਐਗਰੀਮੈਂਟ ਠੀਕ ਢੰਗ ਨਾਲ ਕੀਤੀ ਗਈ ਹੈ ਅਤੇ ਕੀ ਸਬੰਧਤ ਦੇ ਵੇਰਵਿਆਂ ਸਹਿਤ ਸੂਚਨਾ ਅਨੁਲਗ-ਬੀ ਸਲਾਨਾਂ ਪ੍ਰਗਤੀ ਰਿਪੋਰਟ ਰਾਹੀਂ ਹਰ ਸਾਲ ਜਮ੍ਹਾਂ/Online E-Portal ਅਪਲੋਡ ਕਰਕੇ ਬੋਰਡ ਨੂੰ ਭੇਜੀ ਗਈ ਹੈ ? ਇਸ ਉਪਰੰਤ ਹੀ ਤਜਰਬਾ ਸਰਟੀਫਿਕੇਟ ਪ੍ਰਤੀ ਹਸਤਾਖਰ ਕੀਤਾ ਜਾਵੇਗਾ।

6 ਦਫਤਰ ਵੱਲੋਂ ਨਿਰਧਾਰਤ/ਪ੍ਰਕਾਸ਼ਿਤ ਕੀਤੇ ਗਏ ਦਾਖਲਾ ਖਾਰਜ ਰਜਿਸਟਰ ਹੀ ਲਗਾਏ ਜਾਣ ਅਤੇ ਇਨ੍ਹਾਂ ਨੂੰ ਮੈਂਨਟੇਨ ਕਰਨ ਵੇਲੇ ਵਿਦਿਆਰਥੀਆਂ ਦੇ ਵੇਰਵੇ ਸਬੂਤਾਂ ਸਹਿਤ, ਸਹੀ-ਸਹੀ ਅੰਕਿਤ ਕੀਤੇ ਜਾਣ। ਕਿਸੇ ਕਿਸਮ ਦੀ ਕਟਿੰਗ, ਓਵਰ-ਰਾਈਟਿੰਗ ਕਰਨੀ ਵਿਨਿਯਮਾਂ ਦੀ ਉਲੰਘਣਾ ਸਮਝੀ ਜਾਵੇਗੀ। ਇਸ ਲਈ ਦਾਖਲਾ ਖਾਰਜ ਰਜਿਸਟਰ ਦੀ ਪਾਰਦਰਸ਼ਤਾ ਹਰ ਹਾਲਤ ਵਿੱਚ ਯਕੀਨੀ ਬਣਾਈ ਜਾਵੇ।

7 ਸੰਸਥਾ ਵਿੱਚ ਨਿਯੁਕਤ ਕੀਤੇ ਅਧਿਆਪਕਾਂ/ਕਰਮਚਾਰੀਆਂ ਨੂੰ ਵਿਨਿਯਮਾਂ ਤਹਿਤ ਦਿੱਤੀ ਜਾਂਦੀ ਤਨਖਾਹ Account Payee's Cheque ਰਾਹੀਂ ਅਦਾ ਕਰਨ ਦਾ ਪੁਖਤਾ ਸਬੂਤ ਵੀ ਸਾਲਾਨਾ ਪ੍ਰਗਤੀ ਰਿਪੋਰਟ (ਅਨੁਲੱਗ-ਬੀ) ਨਾਲ ਭੇਜੀਆ ਜਾਵੇ।

ਸਹੀ/-

ਸਕੱਤਰ

(੧)